WASHINGTON STATE BOARD OF HEALTH

HEALTH EQUITY
Governor's Interagency Council on Health Disparities

# ਸਿਹਤ ਉੱਤੇ ਪ੍ਰਭਾਵ ਦੀਆਂ ਸਮੀਖਿਆਵਾਂ - ਇੱਕ ਜਾਣ-ਪਛਾਣ

https://youtu.be/Fe59CxyttNk?feature=shared **(ਅੰਗਰੇਜ਼ੀ ਵਿੱਚ)**

ਸਤਿ ਸ੍ਰੀ ਅਕਾਲ, ਮੇਰਾ ਨਾਮ Lindsay ਹੈ, ਅਤੇ ਮੈਂ ਉਸ ਟੀਮ ਦਾ ਹਿੱਸਾ ਹਾਂ ਜੋ ਸਿਹਤ ਉੱਤੇ ਪ੍ਰਭਾਵ ਦੀਆਂ ਸਮੀਖਿਆਵਾਂ (ਜਾਂ H-I-R) ਲਿਖਦੀ ਹੈ। HIR ਇੱਕ ਉਦੇਸ਼ ਆਧਾਰਿਤ, ਨਿਰਪੱਖ ਵਿਸ਼ਲੇਸ਼ਣ ਹੈ ਜਿਸ ਵਿੱਚ ਸਬੂਤਾਂ ਦੀ ਵਰਤੋਂ ਕਰਕੇ ਇਹ ਦੇਖਿਆ ਜਾਂਦਾ ਹੈ ਕਿ ਕੋਈ ਬਿੱਲ ਜਾਂ ਬਜਟ ਦਾ ਪ੍ਰਸਤਾਵ ਵਾਸ਼ਿੰਗਟਨ ਰਾਜ ਵਿੱਚ ਸਿਹਤ ਅਤੇ ਸਮਾਨਤਾ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ। HIR, ਫੈਸਲੇ ਲੈਣ ਵਾਲਿਆਂ ਨੂੰ ਸਿਹਤ ਅਤੇ ਸਮਾਨਤਾ ਦੇ ਦ੍ਰਿਸ਼ਟੀਕੋਣ ਤੋਂ ਨੀਤੀ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰਦਾ ਹੈ।

ਵਾਸ਼ਿੰਗਟਨ ਰਾਜ ਦਾ ਕੋਈ ਵੀ ਵਿਧਾਇਕ ਜਾਂ ਗਵਰਨਰ HIR ਲਈ ਬੇਨਤੀ ਕਰ ਸਕਦਾ ਹੈ, ਅਤੇ ਇਸਨੂੰ ਨੀਤੀ ਦੇ ਕਿਸੇ ਵੀ ਵਿਸ਼ੇ ਉੱਤੇ ਪੂਰਾ ਕੀਤਾ ਜਾ ਸਕਦਾ ਹੈ, ਬਸ਼ਰਤੇ ਪ੍ਰਸਤਾਵ ਨੂੰ ਕਾਨੂੰਨ ਵਜੋਂ ਪਾਸ ਨਾ ਕੀਤਾ ਗਿਆ ਹੋਵੇ। ਸਾਨੂੰ ਵਿਧਾਨ ਸਭਾ ਦੇ ਸੈਸ਼ਨ ਦੌਰਾਨ 10 ਦਿਨਾਂ ਵਿੱਚ HIR ਨੂੰ ਪੂਰਾ ਕਰਨ ਦੀ ਲੋੜ ਪੈਂਦੀ ਹੈ ਅਤੇ ਜਦੋਂ ਵਿਧਾਨ ਸਭਾ ਦਾ ਸੈਸ਼ਨ ਨਹੀਂ ਚੱਲ ਰਿਹਾ ਹੁੰਦਾ, ਉਦੋਂ ਇਸਨੂੰ ਪੂਰਾ ਕਰਨ ਲਈ ਸਾਨੂੰ ਥੋੜ੍ਹਾ ਵੱਧ ਸਮਾਂ ਮਿਲਦਾ ਹੈ।

ਵਿਧਾਇਕ ਕਈ ਕਾਰਨਾਂ ਕਰਕੇ HIR ਲਈ ਬੇਨਤੀ ਕਰ ਸਕਦੇ ਹਨ। ਕੁਝ ਵਿਧਾਇਕ HIR ਵਿੱਚ ਮਿਲੀ ਜਾਣਕਾਰੀ ਦੀ ਵਰਤੋਂ ਕਿਸੇ ਪ੍ਰਸਤਾਵ ਦੇ ਕਾਨੂੰਨ ਬਣਨ 'ਤੇ ਉਸਦੇ ਸੰਭਾਵੀ ਪ੍ਰਭਾਵਾਂ ਬਾਰੇ ਜਾਣਨ, ਸਹਿਯੋਗੀਆਂ ਨਾਲ ਪ੍ਰਸਤਾਵ ਬਾਰੇ ਚਰਚਾ ਕਰਨ ਜਾਂ ਪ੍ਰਸਤਾਵ ਵਿੱਚ ਤਬਦੀਲੀਆਂ ਕਰਨ ਲਈ ਕਰ ਸਕਦੇ ਹਨ।

ਸਾਰੇ ਮੁਕੰਮਲ ਹੋਏ HIR ਸਟੇਟ ਬੋਰਡ ਆਫ਼ ਹੈਲਥ ਦੀ ਵੈੱਬਸਾਈਟ 'ਤੇ ਉਪਲਬਧ ਹਨ।

ਹੋਰ ਜਾਣਕਾਰੀ ਲੈਣ ਲਈ, www.sboh.wa.gov/hir (ਅੰਗਰੇਜ਼ੀ ਵਿੱਚ) 'ਤੇ ਜਾਓ।